

Photo: Library of Parliament / Bibliothèque du Parlement - Doug Millar

CANADA

# ਕੈਨੇਡਾ ਦੀ ਸੰਸਦ (ਪਾਰਲੀਮੈਂਟ) — ਕੰਮ-ਅਮਲ ਵਿਚ ਲੋਕਰਾਜ

The Parliament of Canada — Democracy in Action

**Punjabi**
**(Gurmukhi script)**

Le Parlement du Canada — La démocracie en action

**Panjabi**
**(charactères Gurmukhi)**

# ਕੈਨੇਡਾ ਦੀ ਸੰਸਦ (ਪਾਰਲੀਮੈਂਟ) — ਕੰਮ-ਅਮਲ ਵਿਚ ਲੋਕਰਾਜ

ਕੈਨੇਡਾ ਦੀ ਸੰਸਦ, 1867 ਵਿਚ ਜਿਵੇਂ ਰਾਜ ਰਚਨਾ (ਕੰਨਫੈਡਰੇਸ਼ਨ) ਦੇ ਪਿਤਾਮਿਆਂ ਦੁਆਰਾ ਤਸੱਵਰ ਕੀਤੀ ਗਈ, ਕੰਮ-ਅਮਲ ਵਿਚ ਲੋਕਰਾਜ ਦਾ ਇੱਕ ਗਮਕਦਾਰ ਉਦਾਹਰਣ ਰਵਾਂ ਹੈ। ਸੰਸਦ ਵਿਚ ਸਾਡੇ ਪ੍ਰਤਿਨਿਧੀ ਦਿਹਾੜੇ ਦੇ ਧੁਰ ਵਿਸ਼ਿਆਂ ਨੂੰ ਪਰਖਦੇ ਹਨ, ਨੀਤੀਆਂ ਅਤੇ ਕਨੂੰਨਾਂ ਤੇ ਫੈਸਲਾ ਕਰਦੇ ਹਨ ਅਤੇ ਸਰਕਾਰ ਨੂੰ ਇਸ ਦੇ ਕੰਮ-ਅਮਲਾਂ ਲਈ ਜ਼ਿਮੇਵਾਰ ਠਹਿਰਾਉਂਦੇ ਹਨ।

## ਹਿੱਸਾ ਲੈਣ ਵਾਲੇ ਕੋਣ ਹਨ?

ਕੈਨੇਡਾ ਦੀ ਸੰਸਦ ਤਿੰਨ ਭਾਗਾਂ ਦੀ ਬਣੀ ਹੈ: ਵੱਡੇ ਲਾਟ (ਗਵਰਨਰ ਜਨਰਲ) ਦੁਆਰਾ ਪ੍ਰਤਿਨਿਧ ਕੀਤੀ ਮਲਕਾ (ਰਾਜ ਦੀ ਮੁਖੀ); ਨਿਯੁਕਤ ਹੋਇਆ ਉੱਚ-ਸਦਨ (ਸੈਨੇਟ); ਅਤੇ ਚੁਣਿਆ ਹੋਇਆ ਲੋਕ-ਸਦਨ (ਹਾਉਸ ਆਵ ਕੋਮਨਜ਼)।

ਪ੍ਰਤੀ ਆਮ ਚੋਣਾਂ ਮਗਰੋਂ ਵੱਡਾ ਲਾਟ ਸੰਸਦ ਨੂੰ ਇਕੱਠੇ ਸਦੱਦਾ ਹੈ, ਸਰਕਾਰ ਦੇ ਮਨਤਵਾਂ ਨੂੰ ਉਲੀਕਦਾ ਭਾਸ਼ਣ ਤਖ਼ਤ ਤੋਂ ਪੜਦਾ ਹੈ ਅਤੇ ਨਾਲੇ ਉੱਚ-ਸਦਨ ਅਤੇ ਲੋਕ-ਸਦਨ ਦੁਆਰਾ ਪਾਸ ਕੀਤੇ ਸਾਰੇ ਬਿਲਾਂ ਨੂੰ ਪ੍ਰਵਾਨ ਕਰਦਾ ਹੈ।

ਉੱਚ-ਸਦਨ, ਜਿਸ ਨੂੰ ਚੈਂਬਰਃ ਉਤਲਾ ਕਮਰਾ (ਅਪਰ ਚੈਂਬਰ) ਜਾਂ ਲਾਲ ਕਮਰਾ (ਰੈਡ ਚੈਂਬਰ) ਵੀ ਆਖਦੇ ਹਾਂ, ਦੇ 105 ਮੈਂਬਰ ਹੁੰਦੇ ਹਨ। ਪ੍ਰਦੇਸ਼ਾਂ, ਸੂਬੇਆਂ ਜਾਂ ਭੂ ਖੇਤਰਾਂ ਦੀ ਪ੍ਰਤੀਨਿਧਤਾ ਕਰਣ ਪ੍ਰਤੀ ਉੱਚ-ਸਦਨ ਦੇ ਮੈਂਬਰਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਲਾਹ ਤੇ ਵੱਡੇ ਲਾਟ ਦੁਆਰਾ ਹੁੰਦੀ ਹੈ। ਉੱਚ-ਸਦਨ ਦੇ ਮੈਂਬਰ 75 ਸਾਲ ਦੀ ਉਮਰ ਤੀਕ ਸੇਵਾ ਕਰ ਸਕਦੇ ਹਨ।

ਲੋਕ-ਸਦਨ ਦੇ 308 ਮੈਂਬਰ ਹੁੰਦੇ ਹਨ ਜੋ ਅਪਣੇ ਹਲਕਿਆਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਣ ਲਈ ਚੁਣੇ ਜਾਂਦੇ ਹਨ। ਸਾਡੇ ਸੰਵਿਧਾਨ ਵਿਚ ਨੀਅਤ ਹੈ ਕਿ ਕੋਈ ਸੰਸਦ ਪੰਜ ਸਾਲਾਂ ਤੋਂ ਲੰਮੇ ਚਿਰ ਲਈ ਟਿਕੀ ਨਹੀਂ ਰਹਿ ਸਕਦੀ, ਜਿਸ ਮਗਰੋਂ ਜ਼ਰੂਰ ਇੱਕ ਆਮ ਚੋਣਾਂ ਹੋਣ। ਲੋਕ-ਸਦਨ ਦੇ ਮੈਂਬਰ, ਬਰਤਾਨੀ ਲੋਕ-ਸਦਨ ਦੀ ਰਵਾਇਤ ਅਨੁਸਾਰ ਹਰੇ ਰੰਗ ਵਿਚ ਸਜੇ ਚੈਂਬਰ (ਕਮਰੇ) ਵਿਚ ਬੈਠਦੇ ਹਨ।

## ਕੈਨੇਡਾ ਦੇ ਕਨੂੰਨ ਬਣਾ ਰਹੇ

ਸੰਵਿਧਾਨ ਸੰਸਦ ਨੂੰ, ਅਧਿਕਾਰ-ਖੇਤਰ ਦੇ ਕੁਝ ਇਲਾਕੇਆਂ ਵਿਚ ਜੁਰਮੀ ਕਨੂੰਨ, ਬਚਾਅ, ਅੰਤਰਰਾਸ਼ਟਰੀ ਤਜਾਰਤ ਅਤੇ ਪ੍ਰਸਾਰਣ ਅਜੇਹੇ ਕਨੂੰਨ ਬਣਾਉਣ ਦੇ, ਅਧਿਕਾਰ ਦੇਂਦਾ ਹੈ।

ਦੋਵੇਂ ਉੱਚ-ਸਦਨ ਦੇ ਮੈਂਬਰ ਅਤੇ ਸੰਸਦ ਦੇ ਮੈਂਬਰ ਵਿਧਾਨਕਾਰੀ ਤਜਵੀਜ਼ਾਂ ਜਾਂ “ਬਿਲਾਂ” ਨੂੰ ਘੋਖਦੇ, ਬਹਿਸਦੇ ਅਤੇ ਅਕਸਰ ਸੋਧਦੇ ਹਨ।

ਆਮ ਤੋਰ ਤੇ ਸਰਕਾਰ ਦੁਆਰਾ ਬਿੱਲ ਤਜਵੀਜ਼ ਕੀਤੇ ਜਾਂਦੇ ਹਨ ਅਤੇ ਲੋਕ ਸਦਨ ਵਿਚ ਪੇਸ਼ ਕੀਤੇ ਜਾਂਦੇ ਹਨ। ਉੱਚ-ਸਦਨ ਨਾਲੇ ਵਿਧਾਨ ਅਰੰਭਦਾ ਹੈ ਪਰ ਪਬਲਕ ਨਿਧੀ ਨੂੰ ਉਗਰਾਹੁਣ ਜਾਂ ਖ਼ਰਚਣ ਬਾਰੇ ਕੋਈ ਵੀ ਬਿਲ ਲੋਕ-ਸਦਨ ਤੋਂ ਜ਼ਰੂਰ ਅਰੰਭ ਹੋਣ।

ਦੋਵੇਂ ਸਦਨ, ਕਨੂੰਨ ਬਨਣ ਤੋਂ ਪਹਿਲਾਂ ਬਿਲਾਂ ਨੂੰ ਓਹਨਾਂ ਦੇ ਹੂਬਹੂ ਰੂਪ ਵਿਚ ਪ੍ਰਵਾਨ ਜ਼ਰੂਰ ਕਰਣ। ਬਿਲ, ਸ਼ਾਹੀ ਸੰਮਤੀ ਪ੍ਰਾਪਤ ਹੋਣ ਤੇ, ਬਿਲ ਵਿਚ ਦਿੱਤੀ ਜਾਂ ਆਰਡਰ-ਇਨ-ਕੋਂਸਲ ਦੁਆਰਾ ਨੀਅਤ ਕੀਤੀ ਤਰੀਕ ਤੇ, ਕਨੂੰਨ ਬਣਦੇ ਹਨ।

## ਵਿਧਾਨਕਾਰੀ ਪ੍ਰਕਿਰਿਆ

ਸਾਧਾਰਨ ਤੋਰ ਤੇ ਸਾਰੇ ਬਿਲ ਦੋਵੇਂ ਉੱਚ-ਸਦਨ ਅਤੇ ਲੋਕ-ਸਦਨ ਦੀ ਇੱਕ ਸਮ-ਰੂਪ ਪੈੜਾਂ ਦੀ ਲੜੀ ਰਾਹੀਂ ਸਿਰੇ ਚੜ੍ਹਦੇ ਹਨ।

- ਜਾਣ-ਪਛਾਣ: ਪ੍ਰਕਿਰਿਆ ਸ਼ੁਰੂ ਹੁੰਦੀ ਹੈ ਜਦ ਕੋਈ ਬਿਲ ਤੋਂ ਜਾਣੂ ਕਰਾਇਆ ਜਾਂਦਾ ਹੈ।
- ਪਹਿਲੀ ਪੜ੍ਹਤ: ਬਿਲ ਨੂੰ ਪਹਿਲੀ ਵਾਰ ਬਿਨਾਂ ਕਿਸੇ ਬਹਿਸ ਤੋਂ "ਪੜ੍ਹਿਆ" ਅਤੇ ਛਾਪ ਦਿੱਤਾ ਜਾਂਦਾ ਹੈ।
- ਦੂਜੀ ਪੜ੍ਹਤ: ਬਿਲ ਦੇ ਸਿਧਾਂਤ ਤੇ ਬਹਿਸ ਹੁੰਦੀ ਹੈ। ਇਸ ਤੇ ਤਦ ਪਰਚੀ ਪਾਈ ਜਾਦੀ ਹੈ ਅਤੇ ਬਿਲ ਨੂੰ ਇੱਕ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਜਾਂਦਾ ਹੈ।

- ਕਮੇਟੀ ਪੜਾ (ਸਟੇਜ): ਇੱਕ ਕਮੇਟੀ ਗਵਾਹਾਂ ਨੂੰ ਸੁਣਦੀ ਹੈ, ਬਿਲ ਦੀ ਉਪਵਾਕ-ਦਰ-ਉਪਵਾਕ ਪਰਖ ਕਰਦੀ ਹੈ ਅਤੇ ਇੱਕ ਰਪੋਟ ਹਵਾਲੇ ਕਰਦਿਆਂ ਸਫ਼ਾਰਸ਼ ਕਰਦੀ ਹੈ ਕਿ ਬਿਲ ਨੂੰ ਇੰਜ ਜਾਂ ਤਰਮੀਮਾਂ ਨਾਲ ਸਵੀਕਾਰ ਕੀਤਾ ਜਾਵੇ ਜਾਂ ਇਸ ਨੂੰ ਅਗੇਰੇ ਬਿਲਕੁਲ ਨਾ ਤੋਰਿਆ ਜਾਵੇ।
- ਰਪੋਟ ਪੜਾ: ਬਿਲ ਪ੍ਰਤੀ ਸ਼ਾਇਦ ਵਾਧੂ ਤਰਮੀਮਾਂ ਤਜਵੀਜ਼ ਹੋਣ, ਬਹਿਸ ਹੋਵੇ ਅਤੇ ਪਰਚੀ ਪਵੇ।
- ਤੀਜੀ ਪੜ੍ਹਤ: ਬਿਲ ਤੇ ਅੰਤਮ ਬਹਿਸ ਹੁੰਦੀ ਹੈ ਅਤੇ ਉਸ ਤੇ ਪਰਚੀ ਪੈਂਦੀ ਹੈ।
- ਸੁਨੇਹਾ: ਇੱਕ ਵਾਰ ਪ੍ਰਵਾਨ ਹੋਣ ਤੇ, ਬਿਲ ਨੂੰ ਦੂਜੇ ਸਦਨ ਭੇਜਿਆ ਜਾਂਦਾ ਹੈ ਜਿਥੇ ਪਹਿਲੀ ਪੜ੍ਹਤ ਤੋਂ ਸਾਰੀ ਪ੍ਰਕਿਰਿਆ ਦੁਬਾਰਾ ਸ਼ੁਰੂ ਹੁੰਦੀ ਹੈ।
- ਸ਼ਾਹੀ ਸੰਮਤੀ: ਵੱਡਾ ਲਾਟ ਜਾਂ ਕੋਈ ਮੁਖ਼ਤਾਰ (ਡਿਪਟੀ) ਬਿਲ ਨੂੰ ਸ਼ਾਹੀ ਸੰਮਤੀ ਦੇਂਦਾ ਹੈ।

## ਸਾਰਾ ਕੁਝ ਇੱਕ ਦਿਨ ਦੇ ਕੰਮ ਵਿਚ

ਇੱਕ ਜਾਂ ਵਧੇਰੇ ਇਜਲਾਸਾਂ (ਸੈਸ਼ਨ) ਨਾਲ ਸੰਸਦ ਬਣਦੀ ਹੈ। ਇੱਕ ਇਜਲਾਸ ਕੋਈ ਥੋੜੇ ਦਿਹਾੜੇ ਜਾਂ ਅਨੇਕ ਸਾਲਾਂ ਤੀਕ ਚਲ ਸਕਦੀ ਹੈ। ਪ੍ਰਧਾਨ ਮੰਤਰੀ ਦੀ ਬੇਨਤੀ ਤੇ ਵੱਡੇ ਲਾਟ ਦੁਆਰਾ ਇਸ ਦੇ ਉਠਾਉਣ ਤੇ ਇਸ ਦੀ ਸਮਾਪਤੀ ਹੁੰਦੀ ਹੈ। ਸੰਸਦ ਦੀ ਸਮਾਪਤੀ ਹੁੰਦੀ ਹੈ ਜਦ ਪ੍ਰਧਾਨ ਮੰਤਰੀ ਵੱਡੇ ਲਾਟ ਨੂੰ ਇਸ ਨੂੰ ਬਰਖ਼ਾਸਤ ਕਰਣ ਲਈ ਅਤੇ ਇੱਕ ਆਮ ਚੋਣਾਂ ਕਰਾਉਣ ਨੂੰ ਆਖਦਾ ਹੈ।

ਸੰਵਿਧਾਨ ਸਾਲ ਵਿਚ ਘੱਟੋ-ਘੱਟ ਇੱਕ ਵਾਰ ਮਿਲਣ ਲਈ ਸੰਸਦ ਤੋਂ ਮੰਗ ਕਰਦਾ ਹੈ। ਆਮ ਤੋਰ ਤੇ, ਸੰਸਦ ਦੀ ਸਾਲ ਵਿਚ ਕਰੀਬ 27 ਹਫਤੇ ਬੈਠਕ ਹੁੰਦੀ ਹੈ। ਸੰਸਦ ਦੇ ਮੈਂਬਰਾਂ ਨੂੰ ਅਪਣੇ ਇਲਾਕੇਆਂ ਜਾਂ ਚੋਣ ਹਲਕਿਆਂ ਵਿਚ ਕੰਮ ਕਰਣ ਲਈ ਜਾਂ ਸਰਕਾਰੀ ਕੰਮ ਤੇ ਸਫ਼ਰ ਕਰਣ ਦੀ ਛੁੱਟੀਆਂ ਦੀ ਅਨੁਮਤੀ ਸਣੇ ਬੈਠਕਾਂ ਸਤੰਬਰ ਵਿਚ ਸ਼ੁਰੂ ਹੁੰਦਿਆਂ ਹਨ ਅਤੇ ਆਮ ਕਰਕੇ ਜੂਨ ਤੀਕ ਜਾਰੀ ਰਹਿੰਦੀਆ ਹਨ।

ਪ੍ਰਤੀ ਸਦਨ ਕੌਮੀ ਵਿਸ਼ੇਆਂ ਨਾਲ ਵਿਹਾਰ ਕਰਣ ਅਤੇ ਵਿਧਾਨਣ ਬਹਿਸ ਲਈ ਨੇਮ ਨਾਲ ਮਿਲਣੀ ਕਰਦਾ ਹੈ। ਇਸ ਤੋਂ ਛੁਟ, ਉੱਚ-ਸਦਨ ਅਤੇ ਲੋਕ-ਸਦਨ ਦੀ ਕਮੇਟੀਆਂ ਹੁੰਦਿਆਂ ਹਨ ਜੋ ਬਿਲਾਂ ਅਤੇ ਵਿਸ਼ੇਸ਼ ਮਾਮਲੇਆਂ ਤੇ ਵਿਸਥਾਰ ਨਾਲ ਘੋਖ ਕਰਦਿਆਂ ਹਨ।

ਕਾਰਜ-ਸੂਚੀ (ਅਜੰਡਾ), ਦਿਹਾੜੇ ਦੀ ਸ਼ੁਰੂਆਤ ਦੇ ਉਸ ਪਲ ਤੋਂ ਲੈ ਕੇ ਜਦ ਵਿਧਾਨਕਾਰੀ ਸ਼ਕਤੀ ਦਾ ਚਿੰਨ੍ਹ ਰਾਜ-ਗਦਾ (ਮੇਸ) ਮੇਜ਼ ਤੇ ਰੱਖੀ ਜ਼ਾਂਦੀ ਹੈ ਤੇ ਬੈਠਕ ਦੀ ਸਮਾਪਤੀ ਤੀਕ ਦਾ ਦਿਹਾੜੇ ਦੇ ਕ੍ਰਮਵਾਰ ਕੰਮ-ਕਾਰ ਨੂੰ, ਮਿਥਦਾ ਹੈ।

ਇੱਕ ਆਮ ਬੈਠਕ ਦੇ ਦਿਹਾੜੇ ਵਿਚ ਹਮੇਸ਼ਾ "ਨਿਤ ਕਰਮ" (ਰੂਟੀਨ) ਸ਼ਾਮਲ ਹੁੰਦੇ ਹਨ। ਇਸ ਸਮੇ ਤੇ ਬਿਆਨ ਦਿੱਤੇ ਜਾਂਦੇ ਹਨ, ਬਿਲਾਂ ਤੋਂ ਜਾਣੂ ਕਰਾਇਆ ਜਾਂਦਾ ਹੈ, ਉਜ਼ਰਦਾਰੀ (ਪਟਿਸ਼ਨ) ਅਤੇ ਕਮੇਟੀ ਰਪੋਟਾਂ ਹਾਜ਼ਰ ਕੀਤੀ ਜਾਂਦਿਆਂ ਹਨ, ਦਸਤਾਵੇਜ਼ਾਂ ਨੂੰ ਸਾਮਨੇ ਰੱਖਿਆ ਜਾਂਦਾ ਹੈ ਅਤੇ ਹੋਰ ਕੰਮ-ਕਾਜ ਪੂਰੇ ਕੀਤੇ ਜਾਂਦੇ ਹਨ।

ਬਹੁਤੇ ਦਿਹਾੜੇ, ਬੈਠਕ ਦਾ ਵਡਾ ਸਮਾਂ ਸਰਕਾਰ ਦੁਆਰਾ ਤਜਵੀਜ਼ ਕੀਤੇ ਵਿਧਾਨ ਤੇ ਬਹਿਸ ਕਰਣ ਵਿਚ ਖਪ ਜਾਂਦਾ ਹੈ। ਨਾਲੇ ਕੁਝ ਸਮਾਂ, ਓਹਨਾਂ ਮੈਂਬਰਾਂ ਜੋ ਮੰਤਰੀ-ਮੰਡਲ (ਕੈਬਿਨੈੱਟ) ਵਿਚ ਨਹੀਂ ਹੁੰਦੇ ਭਾਵੇਂ ਓਹ ਉੱਚ-ਸਦਨ ਦੇ ਮੈਂਬਰ ਹੋਣ ਜਾਂ ਪ੍ਰਾਈਵੇਟ ਮੈਂਬਰ, ਦੁਆਰਾ ਤਜਵੀਜ਼ ਕੀਤੇ ਬਿਲਾਂ ਜਾਂ ਪ੍ਰਸਤਾਵਾਂ ਤੇ ਬਹਿਸ ਕਰਣ ਲਈ, ਰਾਖਵਾਂ ਰੱਖਿਆ ਜਾਂਦਾ ਹੈ।

ਬਹੁਤੇ ਕੈਨੇਡੀਅਨ ਲੋਕ-ਸਦਨ ਵਿਚ ਹੁੰਦੇ ਪ੍ਰਸ਼ਨ ਦੌਰ ਨਾਲ ਵਾਕਫ ਹਨ। ਇਹ ਸਮਾਂ ਪ੍ਰਧਾਨ ਮੰਤਰੀ ਅਤੇ ਮੰਤਰੀ-ਮੰਡਲ ਨੂੰ ਸਰਕਾਰੀ ਨੀਤੀਆਂ ਅਤੇ ਸਰਗਰਮਿਆਂ ਲਈ ਜ਼ਿਮੇਵਾਰ ਠਹਿਰਾਉਣ ਦਾ ਹੁੰਦਾ ਹੈ। ਉੱਚ-ਸਦਨ ਦਾ ਵੀ ਨਾਲੇ ਇੱਕ ਪ੍ਰਸ਼ਨ ਦੌਰ ਹੁੰਦਾ ਹੈ ਜਦ ਉੱਚ-ਸਦਨ ਦੇ ਮੈਂਬਰ ਉੱਚ-ਸਦਨ ਵਿਚ ਸਰਕਾਰ ਦੇ ਆਗੂ ਤੋਂ ਪ੍ਰਸ਼ਨ ਪੁਛੱਦੇ ਹਨ।

## ਚੈਂਬਰ ਵਿਚ ਹੁਕਮ

ਆਮ ਚੋਣਾਂ ਮਗਰੋਂ, ਪ੍ਰਤੀ ਸੰਸਦ ਦੀ ਸ਼ੁਰੂਆਤ ਤੇ, ਪ੍ਰਤੀ ਸਦਨ ਦੀ ਪ੍ਰਧਾਨਗੀ ਲਈ ਇੱਕ ਸੰਸਦ ਦਾ ਪ੍ਰਧਾਨ (ਸਪੀਕਰ) ਚੁਣਿਆ ਜਾਂਦਾ ਹੈ। ਪ੍ਰਧਾਨ ਮੰਤਰੀ ਦੀ ਸਲਾਹ ਤੇ ਉੱਚ-ਸਦਨ ਦਾ ਪ੍ਰਧਾਨ ਨਿਯੁਕਤ ਕੀਤਾ ਜਾਂਦਾ ਹੈ। ਲੋਕ-ਸਦਨ ਵਿਚ ਮੈਂਬਰ ਦੂਜੇ ਮੈਂਬਰ ਨੂੰ ਅਪਣਾ ਪ੍ਰਧਾਨ ਹੋਣ ਲਈ ਚੁਣਦੇ ਹਨ।

ਕੰਮ-ਕਾਜ ਦਾ ਨਿਯਮਿਤ ਵਹਾਉ ਨਿਸਚਿਤ ਕਰਣ ਪ੍ਰਤੀ, ਉੱਚ-ਸਦਨ ਅਤੇ ਲੋਕ-ਸਦਨ, ਦੋਵੇਂ ਲਿਖੇ ਅਤੇ ਅਣਲਿਖੇ ਕੁਝ ਸੰਸਦੀ ਅਸੂਲ ਅਤੇ ਰਵਾਇਤਾਂ ਦਾ ਨਿਰੀਖਣ ਕਰਦੇ ਹਨ। ਏਹਨਾਂ ਅਸੂਲਾਂ ਦਾ ਨਿਰਪੱਖਤਾ ਨਾਲ ਅਨੁਵਾਦ ਕਰਣਾ, ਹੁਕਮ ਪੋਖਣ ਕਰਣਾ ਅਤੇ ਸੰਸਦ, ਉੱਚ-ਸਦਨ ਦੇ ਮੈਂਬਰਾਂ ਅਤੇ ਲੋਕ-ਸਦਨ ਦੇ ਮੈਂਬਰਾਂ ਦੇ ਬੋਲਣ ਦੀ ਅਜ਼ਾਦੀ ਸਮੇਤ ਹੱਕਾਂ ਅਤੇ ਰਿਆਇਤਾਂ ਦੀ ਰਾਖੀ ਕਰਣਾ ਹਰ ਸੰਸਦ ਦੇ ਪ੍ਰਧਾਨ ਦਾ ਕਰਤੱਵ ਹੈ।

ਸੰਸਦ ਦਾ ਪ੍ਰਧਾਨ ਚੈਂਬਰ ਦੇ ਇੱਕ ਸਿਰੇ ਤੇ ਉੱਚੀ ਕੁਰਸੀ ਤੇ ਬੈਠਦਾ ਹੈ। ਸਰਕਾਰੀ ਮੈਂਬਰ ਸੱਜੇ ਤੇ ਵਿਰੋਧੀ (ਧੜੇ ਦੇ) ਮੈਂਬਰ ਖੱਬੇ ਪਾਸੇ ਬੈਠਦੇ ਹਨ। ਜੇਕਰ ਸਰਕਾਰ ਦੀ ਵੱਡੀ ਬਹੁ-ਸੰਮਤੀ ਹੈ ਤਾਂ ਇਸ ਦੇ ਕੁਝ ਮੈਂਬਰ ਖੱਬੇ ਪਾਸੇ ਵੀ ਬੈਠ ਜਾਂਦੇ ਹਨ।

## ਤੁਹਾਡੇ ਲਈ ਕੰਮ ਕਰ ਰਹੇ

ਉੱਚ-ਸਦਨ ਅਤੇ ਸੰਸਦ ਦੇ ਮੈਂਬਰ ਰਲ ਕੇ ਸਾਡੇ ਕਨੂੰਨਾਂ ਦੀ ਸਿਰਜਣਾ ਪ੍ਰਤੀ ਅਪਣੇ ਵਿਚਾਰਾਂ ਅਤੇ ਸ਼ਕਤੀ ਦੀ ਦਿੱਤ ਨਾਲ ਵਿਧਾਨਕਾਰੀ ਪ੍ਰਕਿਰਿਆ ਵਿਚ ਇੱਕ ਉੱਦਮੀ ਪਾਰਟ ਅਦਾ ਕਰਦੇ ਹਨ। ਸੰਸਦ ਦੇ ਮੈਂਬਰਾਂ ਨੇ 130 ਸਾਲਾਂ ਤੋਂ ਵਧੀਕ ਸਾਡੇ ਲੋਕਰਾਜ ਦੇ ਪੁੰਗਾਰੇ ਅਤੇ ਕੈਨੇਡਾ ਦੇ ਭਾਗ ਵਿਉਂਤ ਵਿਚ ਹਿੱਸਾ ਪਾਇਆ ਹੈ।

ਇਹ ਪ੍ਰਕਾਸ਼ਨ ਆਨ-ਲਾਈਨ ਤੇ ਹਾਜ਼ਰ ਹੈ ਜੋ ਸੁਖਾਲੇ ਹੀ ਕਿਸੇ ਪ੍ਰਿੰਟਰ ਰਾਹੀਂ ਪ੍ਰਿੰਟ ਕੀਤਾ ਜਾ ਸਕਦਾ ਹੈ:
www.parl.gc.ca/publications

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

Parliament of Canada
Ottawa (Ontario) K1A 0A9

ਜਾਂ

Parlement du Canada
Ottawa, Ontario, K1A 0A9

ਟੈਲੀਫ਼ੋਨ
ਟੋਲ ਫ੍ਰੀ: 1-866-599-4999
ਨੈਸ਼ਨਲ ਕੈਪਿਟਲ ਰੀਜਨ: (613) 992-4793
ਫੈਕਸ: (613) 992-1273
ਉੱਚਾ-ਸੁਣਨ ਵਾਲਿਆਂ ਲਈ (ਟੀ ਟੀ ਵਾਈ): (613) 995-2266
ਮਾਰਗ-ਦਰਸ਼ੀ ਦੌਰੇ (ਟੂਅਰਜ਼): (613) 996-0896
ਇੰਟਰਨੈੱਟ: www.parl.gc.ca

Catalogue No. B103 (08/2003)
© Library of Parliament, 2003

N° de catalogue B103 (08/2003)
© Bibliothèque du Parlement, 2003